# ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਦੁਆਰਾ ਸਾਊਦੀ ਅਰਬ ਦਾ ਦੌਰਾ (01-03 ਮਈ, 2023)

04 ਮਈ, 2023

ਸ਼੍ਰੀ ਵੀ. ਮੁਰਲੀਧਰਨ ਵਿਦੇਸ਼ ਮਾਮਲਿਆਂ ਅਤੇ ਸੰਸਦੀ ਮਾਮਲਿਆਂ ਦੇ ਰਾਜ ਮੰਤਰੀ ਨੇ 01-03 ਮਈ 2023 ਤੱਕ ਸਾਊਦੀ ਅਰਬ ਰਾਜ ਦੀ ਅਧਿਕਾਰਤ ਯਾਤਰਾ ਕੀਤੀ। ਯਾਤਰਾ ਦੌਰਾਨ ਰਾਜ ਮੰਤਰੀ ਨੇ ਸਾਊਦੀ ਅਰਬ ਦੇ ਵਿਦੇਸ਼ ਮਾਮਲਿਆਂ ਦੇ ਉਪ ਮੰਤਰੀ ਐਚ.ਈ. ਇੰਜੀ. ਵਲੀਦ ਅਲਖੇਰੀਜੀ ਸਮੇਤ ਸੀਨੀਅਰ ਸਾਊਦੀ ਅਧਿਕਾਰੀ ਅਤੇ ਵਪਾਰਕ ਭਾਈਚਾਰੇ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ। ਉਹਨਾਂ ਨੇ ਰਿਆਦ ਅਤੇ ਦਮਾਮ ਵਿੱਚ ਭਾਰਤੀ ਭਾਈਚਾਰੇ ਦੇ ਇੱਕ ਵਿਸ਼ਾਲ ਸਮੂਹ ਨਾਲ ਵੀ ਗੱਲਬਾਤ ਕੀਤੀ।

2. ਵਿਦੇਸ਼ ਮਾਮਲਿਆਂ ਦੇ ਉਪ ਮੰਤਰੀ ਐਚ.ਈ. ਇੰਜੀ. ਵਲੀਦ ਅਲਖੇਰੀਜੀ ਨਾਲ ਮੁਲਾਕਾਤ ਦੌਰਾਨ ਰਾਜ ਮੰਤਰੀ ਨੇ ਜੇਦਾਹ ਰਾਹੀਂ ਆਪਰੇਸ਼ਨ ਕਾਵੇਰੀ ਦੀ ਸਹੂਲਤ ਲਈ ਸਾਊਦੀ ਅਰਬ ਦੀ ਲੀਡਰਸ਼ਿਪ ਅਤੇ ਸਰਕਾਰ ਦੀ ਭਾਰਤ ਸਰਕਾਰ ਤਰਫੋਂ ਸ਼ਲਾਘਾ ਕੀਤੀ। ਦੋਵਾਂ ਮੰਤਰੀਆਂ ਨੇ ਦੁਵੱਲੇ ਸਬੰਧਾਂ ਦੀ ਪੜਚੋਲ ਕੀਤੀ ਅਤੇ ਜੀ-20 ਸਮੇਤ ਆਪਸੀ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਰਣਨੀਤਕ ਭਾਈਵਾਲੀ ਵਿੱਚ ਨਿਰੰਤਰ ਪ੍ਰਗਤੀ 'ਤੇ ਤਸੱਲੀ ਪ੍ਰਗਟਾਈ ਅਤੇ ਵਪਾਰ, ਨਿਵੇਸ਼, ਊਰਜਾ, ਸਿਹਤ, ਸਿੱਖਿਆ ਅਤੇ ਸੱਭਿਆਚਾਰ ਸਮੇਤ ਵੱਖ-ਵੱਖ ਖੇਤਰਾਂ ਵਿੱਚ ਹੋਰ ਵੀ ਗਤੀ ਪ੍ਰਦਾਨ ਕਰਨ ਲਈ ਸਹਿਮਤੀ ਜਤਾਈ। ਰਾਜ ਮੰਤਰੀ ਨੇ ਸਾਊਦੀ ਅਰਬ ਵਿੱਚ ਭਾਰਤੀ ਭਾਈਚਾਰੇ ਦੀ ਭਲਾਈ ਨਾਲ ਸਬੰਧਤ ਵੱਖ-ਵੱਖ ਕੌਂਸਲਰ ਮੁੱਦੇ ਉਠਾਏ।

3. ਰਾਜ ਮੰਤਰੀ ਨੇ ਐਚ.ਈ. ਡਾਕਟਰ ਅਹਿਮਦ ਅਲ ਜ਼ਹਰਾਨੀ ਅਤੇ ਸਾਊਦੀ ਅਰਬ ਦੇ ਮਨੁੱਖੀ ਸਰੋਤ ਅਤੇ ਸਮਾਜਿਕ ਵਿਕਾਸ ਮੰਤਰਾਲੇ ਦੇ ਉਪ ਮੰਤਰੀ ਐਚ.ਈ. ਡਾ. ਅਦਨਾਨ ਅਲ ਨੁਆਇਮ ਨਾਲ ਵੀ ਮੀਟਿੰਗ ਕੀਤੀ। ਦੋਵਾਂ ਧਿਰਾਂ ਨੇ ਖ਼ਾਸ ਕਰਕੇ ਹੁਨਰ ਦੇ ਖੇਤਰਾਂ ਵਿੱਚ ਆਪਣੇ ਸਹਿਯੋਗ ਨੂੰ ਵਧਾਉਣ 'ਤੇ ਚਰਚਾ ਕੀਤੀ।

4. ਰਾਜ ਮੰਤਰੀ ਨੇ 03 ਮਈ ਨੂੰ ਸਾਊਦੀ ਅਰਬ ਦੇ ਪੂਰਬੀ ਸੂਬੇ ਦਮਾਮ ਦਾ ਦੌਰਾ ਕੀਤਾ। ਇਸ ਫੇਰੀ ਦੌਰਾਨ ਉਹ ਅਸ਼ਰਕੀਆ ਚੈਂਬਰ ਆਫ਼ ਕਾਮਰਸ ਦੁਆਰਾ ਆਯੋਜਿਤ ਇੱਕ ਸਮਾਗਮ ਵਿੱਚ ਸਾਊਦੀ ਅਤੇ ਭਾਰਤੀ ਵਪਾਰਕ ਭਾਈਚਾਰੇ ਦੇ ਉਘੇ ਮੈਂਬਰਾਂ ਨੂੰ ਮਿਲੇ। ਇਸ ਮੌਕੇ 'ਤੇ ਰਾਜ ਮੰਤਰੀ ਨੇ ਬਾਜਰੇ ਦੇ ਅੰਤਰਰਾਸ਼ਟਰੀ ਸਾਲ 2023 ਦੀ ਯਾਦ ਵਿੱਚ ਇੱਕ ਬਾਜਰੇ ਦੀ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ।

5. ਰਾਜ ਮੰਤਰੀ ਨੇ ਰਿਆਦ ਅਤੇ ਦਮਾਮ ਵਿੱਚ ਵੱਖ-ਵੱਖ ਭਾਰਤੀ ਭਾਈਚਾਰਿਆਂ ਦੇ ਸਮਾਜਿਕ ਅਤੇ ਸੱਭਿਆਚਾਰਕ ਸੰਗਠਨਾਂ ਨਾਲ ਪ੍ਰਭਾਵਸ਼ੀਲ ਸੈਸ਼ਨ ਆਯੋਜਿਤ ਕੀਤੇ।

**ਰਿਆਦ**

**04 ਮਈ, 2023**